ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਲੀਗਲ ਸੇਵਾਵਾਂ 905-913-2355
ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
Line of Credit Fix Bad Credit Get OSAP Loan 905-965-4644
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 905-595-1700

ਪਾਕਿ 'ਚ ਚਿਕਨ ਨਾਲੋਂ ਮਹਿੰਗੇ ਟਮਾਟਰ

ਲਾਹੌਰ: ਪਾਕਿਸਤਾਨ 'ਚ ਟਮਾਟਰ ਇੱਕ ਆਮ ਸਬਜ਼ੀ ਤੋਂ ਇੱਕ ਮਹਿੰਗੀ ਅਤੇ ਦੁਰਲੱਭ ਵਸਤੂ ਬਣ ਗਏ ਹਨ। ਕਰਾਚੀ, ਇਸਲਾਮਾਬਾਦ ਅਤੇ ਲਾਹੌਰ ਵਰਗੇ ਵੱਡੇ ਸ਼ਹਿਰਾਂ 'ਚ ਟਮਾਟਰਾਂ ਦੀਆਂ ਕੀਮਤਾਂ ਅਚਾਨਕ ਅਸਮਾਨ ਛੂਹ ਰਹੀਆਂ ਹਨ, ਅਤੇ ਇੱਕ ਕਿਲੋਗ੍ਰਾਮ 700 ਰੁਪਏ ਤਕ ਵਿਕ ਰਹੇ ਹਨ ਕੁਝ ਹਫ਼ਤੇ ਪਹਿਲਾਂ ਟਮਾਟਰ ਸਿਰਫ਼ 100 ਰੁਪਏ ਪ੍ਰਤੀ ਕਿਲੋਗ੍ਰਾਮ ਸਨ। ਇਸ ਤੇਜ਼ੀ ਨਾਲ ਕੀਮਤਾਂ 'ਚ ਵਾਧੇ ਨੇ ਨਾ ਸਿਰਫ਼ ਰਸੋਈ ਦੇ ਬਜਟ ਨੂੰ ਵਿਗਾੜਿਆ ਹੈ ਸਗੋਂ ਰੋਜ਼ਾਨਾ ਦੇ ਖਾਣੇ ਦੇ ਸੁਆਦ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਇਸ ਕਾਰਨ ਵਧੀਆਂ ਕੀਮਤਾਂ: ਟਮਾਟਰਾਂ ਦੀਆਂ ਵਧਦੀਆਂ ਕੀਮਤਾਂ ਦੇ ਪਿੱਛੇ ਕਈ ਕਾਰਨ ਹਨ। ਸਭ ਤੋਂ ਮਹੱਤਵਪੂਰਣ ਕਾਰਨ ਸਥਾਨਕ ਸਪਲਾਈ ਲੜੀ 'ਚ ਵਿਘਨ ਹੈ। ਹਾਲ ਹੀ 'ਚ ਆਏ ਹੜ੍ਹਾਂ ਨੇ ਫ਼ਸਲਾਂ ਨੂੰ ਤਬਾਹ ਕਰ ਦਿੱਤਾ ਹੈ ਜਿਸ ਕਾਰਨ ਬਾਜ਼ਾਰ 'ਚ ਟਮਾਟਰਾਂ ਦੀ ਕਮੀ ਹੋ ਗਈ ਹੈ। ਇਸ ਤੋਂ ਇਲਾਵਾ ਅਫ਼ਗ਼ਾਨਿਸਤਾਨ ਨਾਲ ਵਪਾਰਕ ਸਬੰਧਾਂ 'ਚ ਵਿਘਨ ਨੇ ਸਪਲਾਈ ਨੂੰ ਹੋਰ ਪ੍ਰਭਾਵਿਤ ਕੀਤਾ ਹੈ। ਪਾਕਿਸਤਾਨ ਪਹਿਲਾਂ ਅਫ਼ਗ਼ਾਨਿਸਤਾਨ ਤੋਂ ਟਮਾਟਰਾਂ ਦੀ ਦਰਾਮਦ 'ਤੇ ਨਿਰਭਰ ਕਰਦਾ ਸੀ, ਪਰ ਹਾਲ ਹੀ 'ਚ ਫ਼ੌਜੀ ਝੜਪਾਂ ਨੇ ਸਰਹੱਦ ਪਾਰ ਟਰੱਕਾਂ ਦੀ ਆਵਾਜਾਈ ਨੂੰ ਰੋਕ ਦਿੱਤਾ ਹੈ ਜਿਸ ਨਾਲ ਬਾਜ਼ਾਰ 'ਚ ਟਮਾਟਰਾਂ ਦੀ ਘਾਟ ਹੋਰ ਵੱਧ ਗਈ ਹੈ। ਇਸ ਤੋਂ ਇਲਾਵਾ ਭਾਰਤ ਨਾਲ

ਵਪਾਰ 'ਚ ਰੁਕਾਵਟ ਨੇ ਪਹਿਲਾਂ ਹੀ ਕਈ ਵਸਤੂਆਂ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ।

ਸਬਜ਼ੀਆਂ ਦੀਆਂ ਕੀਮਤਾਂ: ਪਾਕਿਸਤਾਨੀ ਮੀਡੀਆ ਅਨੁਸਾਰ ਸਬਜ਼ੀਆਂ ਦੀਆਂ ਕੀਮਤਾਂ ਕਈ ਸਾਲਾਂ ਤੋਂ ਵੱਧ ਰਹੀਆਂ ਹਨ, ਅਤੇ ਟਮਾਟਰ ਹੁਣ ਚਿਕਨ ਨਾਲੋਂ ਮਹਿੰਗੇ ਹਨ। ਸ਼ਹਿਰਾਂ 'ਚ ਕੀਮਤਾਂ 'ਚ ਅੰਤਰ ਵੀ ਸਪੱਸ਼ਟ ਹਨ। ਉਦਾਹਰਣ ਵਜੋਂ ਟਮਾਟਰ ਪੰਜਾਬ ਦੇ ਜੇਹਲਮ 'ਚ 700 ਰੁਪਏ ਪ੍ਰਤੀ ਕਿਲੋਗ੍ਰਾਮ 'ਚ ਵਿਕ ਰਹੇ ਹਨ ਜਦੋਂ ਕਿ ਇਹ ਗੁਜਰਾਂਵਾਲਾ 'ਚ 575 ਰੁਪਏ, ਫ਼ੈਸਲਾਬਾਦ 'ਚ 500 ਰੁਪਏ 'ਚ ਵਿਕ ਰਹੇ ਹਨ, ਅਤੇ ਹਾਲ ਹੀ 'ਚ ਮੁਲਤਾਨ 'ਚ 160 ਤੋਂ 500 ਰੁਪਏ ਤਕ ਵਧੇ ਹਨ ਜੋ ਕਿ ਲਗਭਗ 450 ਰੁਪਏ ਪ੍ਰਤੀ ਕਿਲੋਗ੍ਰਾਮ ਤਕ ਪਹੁੰਚ ਗਏ ਹਨ। ਅਧਿਕਾਰਿਕ ਦਰ ਸਿਰਫ਼ 170 ਰੁਪਏ ਹੈ। ਲਾਹੌਰ 'ਚ ਥੋਕ ਰੇਟ ਲਗਭਗ 400 ਰੁਪਏ ਪ੍ਰਤੀ ਕਿਲੋਗ੍ਰਾਮ ਦਰਜ ਕੀਤਾ ਗਿਆ ਹੈ।

ਅਫ਼ਗ਼ਾਨ ਸਰਹੱਦ ਦੇ ਬੰਦ ਹੋਣ ਨਾਲ ਕੁਏਟਾ ਅਤੇ ਪੇਸ਼ਾਵਰ ਵਰਗੇ ਪ੍ਰਮੁੱਖ ਬਾਜ਼ਾਰਾਂ 'ਚ ਵੀ ਮੁਸ਼ਕਲਾਂ ਵਧੀਆਂ ਹਨ। ਸਥਾਨਕ ਵਪਾਰੀਆਂ ਦਾ ਕਹਿਣਾ ਹੈ ਕਿ ਫ਼ੌਜੀ ਟਕਰਾਅ ਤੋਂ ਬਾਅਦ ਸਪਲਾਈ ਪਹੁੰਚਾਉਣ ਲਈ ਅਫ਼ਗ਼ਾਨ ਟਰੱਕ ਪੂਰੀ ਤਰ੍ਹਾਂ ਨਹੀਂ ਪਹੁੰਚ ਰਹੇ ਹਨ। ਜਦੋਂ ਕਿ ਈਰਾਨ ਤੋਂ ਸਪਲਾਈ ਕੁਝ ਹੱਦ ਤਕ ਜਾਰੀ ਹੈ, ਅਫ਼ਗ਼ਾਨ ਸਰਹੱਦ ਦੇ ਬੰਦ ਹੋਣ ਨਾਲ ਬਾਜ਼ਾਰਾਂ 'ਚ ਕੀਮਤਾਂ ਵੱਧ ਰਹੀਆਂ ਹਨ ਜਿਸ ਨਾਲ ਸਥਿਤੀ ਹੋਰ ਵੀ ਗੰਭੀਰ ਹੋ ਰਹੀ ਹੈ।

US ਵਲੋਂ ਰੂਸ ਦੀਆਂ ਦੋ ਤੇਲ ਕੰਪਨੀਆਂ 'ਤੇ ਪਾਬੰਦੀ ਮਗਰੋਂ ਭਾਰਤੀ ਕੰਪਨੀਆਂ ਕੁੜਿੱਕੀ 'ਚ

ਨਵੀਂ ਦਿੱਲੀ: ONGC ਵਿਦੇਸ਼ ਲਿਮਟਿਡ ਨੇ (OVL) ਅਮਰੀਕਾ ਵਲੋਂ ਰੂਸੀ ਤੇਲ ਖੇਤਰ 'ਤੇ ਪਾਬੰਦੀ ਲਾਏ ਜਾਣ ਤੋਂ ਬਾਅਦ ਕਾਨੂੰਨੀ ਰਾਏ ਮੰਗੀ ਹੈ। ਇਸ ਤੇਲ ਖੇਤਰ 'ਚ ਭਾਰਤੀ ਕੰਪਨੀਆਂ ਦੇ ਗੱਠਜੋੜ ਦੀ 49.9 ਫ਼ੀਸਦੀ ਹਿੱਸੇਦਾਰੀ ਹੈ।

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ 22 ਅਕਤੂਬਰ ਨੂੰ ਰੂਸ ਦੀਆਂ ਦੋ ਸਭ ਤੋਂ ਵੱਡੀਆਂ ਪੈਟਰੋਲੀਅਮ ਕੰਪਨੀਆਂ ਰੋਸਨੈਫ਼ਟ ਅਤੇ ਲੁਕਔਇਲ ਖਿਲਾਫ਼ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਤਾਂ ਕਿ ਰੂਸ 'ਤੇ ਯੂਕ੍ਰੇਨ ਨਾਲ ਜੰਗ ਖ਼ਤਮ ਕਰਨ ਦਾ ਦਬਾਅ ਬਣਾਇਆ ਜਾ ਸਕੇ।

ਇਸ ਤਹਿਤ ਅਮਰੀਕੀ ਵਿੱਤ ਵਿਭਾਗ ਦੇ ਵਿਦੇਸ਼ੀ ਜਾਇਦਾਦ ਕੰਟਰੋਲ ਦਫ਼ਤਰ (OFAC) ਨੇ ਰੂਸ ਸਥਿਤ ਰੋਸਨੈਫ਼ਟ ਅਤੇ ਲੁਕਔਇਲ ਦੀਆਂ ਕਈ ਸਹਾਇਕ ਕੰਪਨੀਆਂ ਨੂੰ ਬੈਨ ਕਰ ਦਿੱਤਾ ਜਿਨ੍ਹਾਂ 'ਚ ਉਨ੍ਹਾਂ ਦੀ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ 50 ਫ਼ੀਸਦੀ ਜਾਂ ਉਸ ਤੋਂ ਵੱਧ ਹਿੱਸੇਦਾਰੀ ਸੀ। ਇਸ ਤਰ੍ਹਾਂ ਪਾਬੰਦੀਸ਼ੁਦਾ ਸਹਾਇਕ ਕੰਪਨੀਆਂ ਦੀ ਸੂਚੀ 'ਚ CJSC ਵੈਂਕੋਰਨੈਫ਼ਟ ਸ਼ਾਮਿਲ ਹੈ ਜਿਸ 'ਚ OVL ਦੀ 26 ਫ਼ੀਸਦੀ

ਹਿੱਸੇਦਾਰੀ ਹੈ ਅਤੇ ਔਇਲ ਇੰਡੀਆ ਲਿਮਟਿਡ OIL), ਇੰਡੀਅਨ ਔਇਲ ਕੌਰਪੋਰੇਸ਼ਨ (IOC) ਅਤੇ ਭਾਰਤ ਪੈਟ੍ਰੋ ਰਿਸੋਰਸਿਜ਼ ਲਿਮਟਿਡ ਦੇ ਇੱਕ ਭਾਰਤੀ ਗੱਠਜੋੜ ਕੋਲ 23.9 ਫ਼ੀਸਦੀ ਹਿੱਸੇਦਾਰੀ ਹੈ। ਬਾਕੀ 50.1 ਫ਼ੀਸਦੀ ਹਿੱਸੇਦਾਰੀ ਰੋਸਨੈਫ਼ਟ ਕੋਲ ਹੈ।

OFAC ਪਾਬੰਦੀਆਂ ਨੂੰ ਸਿੱਧੇ ਤੌਰ 'ਤੇ ਪੜ੍ਹਨ ਤੋਂ ਪਤਾ ਚੱਲਦਾ ਹੈ ਕਿ ਇਹ ਪਾਬੰਦੀਆਂ ਭਾਰਤੀ ਕੰਪਨੀਆਂ 'ਤੇ ਲਾਗੂ ਨਹੀਂ ਹੁੰਦੀਆਂ ਪਰ ਮਾਮਲੇ ਦੀ ਪ੍ਰਤੱਖ ਜਾਣਕਾਰੀ ਰੱਖਣ ਵਾਲੇ ਦੋ ਸੂਤਰਾਂ ਨੇ ਦੱਸਿਆ ਕਿ OVL ਘਰੇਲੂ ਅਤੇ ਅੰਤਰਰਾਸ਼ਟਰੀ ਕਾਨੂੰਨ ਕੰਪਨੀਆਂ ਤੋਂ ਕਾਨੂੰਨੀ ਰਾਏ ਲੈ ਰਹੀ ਹੈ ਤਾਂ ਕਿ ਇਹ ਯਕੀਨੀ ਹੋ ਸਕੇ ਕਿ ਉਹ ਕਿਸੇ ਵੀ ਪਾਬੰਦੀ ਦੀ ਉਲੰਘਣਾ ਨਾ ਕਰੇ। ਉਨ੍ਹਾਂ ਕਿਹਾ ਕਿ OFAC ਪਾਬੰਦੀ ਭਾਰਤੀ ਕੰਪਨੀਆਂ 'ਤੇ ਲਾਗੂ ਨਹੀਂ ਹੋਣੀ ਚਾਹੀਦੀ ਕਿਉਂਕਿ ਉਨ੍ਹਾਂ ਕੋਲ ਵੈਂਕੋਰਨੈਫ਼ਟ 'ਚ 50 ਫ਼ੀਸਦੀ ਹਿੱਸੇਦਾਰੀ ਨਹੀਂ ਜਿਸ ਨੂੰ ਪਾਬੰਦੀਸ਼ੁਦਾ ਇਕਾਈ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ ਭਾਰਤੀ ਕੰਪਨੀਆਂ ਨੂੰ ਕੋਈ ਐਕੁਇਟੀ ਤੇਲ ਨਹੀਂ ਮਿਲਦਾ ਜੋ ਉਨ੍ਹਾਂ ਦੀ ਐਕੁਇਟੀ ਹਿੱਸੇਦਾਰੀ ਦੇ ਅਨੁਪਾਤ 'ਚ ਖੇਤਰ ਵਲੋਂ ਉਤਪਾਦਿਤ ਤੇਲ ਅਤੇ ਗੈਸ ਦਾ ਇੱਕ ਹਿੱਸਾ ਹੁੰਦਾ ਹੈ।

ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
100% Vegetarian Restaurant 10% Off 905-565-0036
Lunch Buffet $13 905-565-0036
Buy 1 2nd Free 905-565-0036

ਪਾਕਿ ਨਾਲ ਸਬੰਧ ਵਧਾਉਣਾ ਚਾਹੁੰਦੈ US ਪਰ ਭਾਰਤ ਦੀ ਕੀਮਤ 'ਤੇ ਨਹੀਂ

ਵਾਸ਼ਿੰਗਟਨ: ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਪਾਕਿਸਤਾਨ ਨਾਲ ਆਪਣੇ ਰਣਨੀਤਕ ਸਬੰਧਾਂ ਨੂੰ ਵਧਾਉਣ ਲਈ ਤਿਆਰ ਹੈ, ਪਰ ਭਾਰਤ ਨਾਲ ਆਪਣੇ ਇਤਿਹਾਸਕ ਅਤੇ ਮਹੱਤਵਪੂਰਣ ਸਬੰਧਾਂ ਦੀ ਕੀਮਤ 'ਤੇ ਨਹੀਂ। ਕੁਆਲਾਲੰਪੁਰ 'ਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨਾਲ ਆਪਣੀ ਨਿਰਧਾਰਿਤ ਮੁਲਾਕਾਤ ਤੋਂ ਪਹਿਲਾਂ ਰੂਸ ਨਾਲ ਭਾਰਤ ਦੇ ਊਰਜਾ ਸਬੰਧਾਂ ਦਾ ਹਵਾਲਾ ਦਿੰਦੇ ਹੋਏ ਰੂਬੀਓ ਨੇ ਕਿਹਾ ਕਿ ਨਵੀਂ ਦਿੱਲੀ ਪਹਿਲਾਂ ਹੀ ਆਪਣੀਆਂ ਕੱਚੇ ਤੇਲ ਦੀਆਂ ਖ਼ਰੀਦਾਂ ਨੂੰ ਵਿਭਿੰਨਤਾ ਬਣਾਉਣ ਦੀ ਇੱਛਾ ਪ੍ਰਗਟ ਕਰ ਚੁੱਕੀ ਹੈ। ਅਮਰੀਕੀ ਵਿਦੇਸ਼ ਮੰਤਰੀ ਆਸੀਆਨ (ਦੱਖਣੀ-ਪੂਰਬੀ ਏਸ਼ੀਆਈ ਰਾਸ਼ਟਰਾਂ ਦੀ ਐਸੋਸੀਏਸ਼ਨ) ਸੰਮੇਲਨ ਲਈ ਮਲੇਸ਼ੀਆ ਦੀ ਆਪਣੀ ਫ਼ੇਰੀ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਪਾਕਿਸਤਾਨ ਨਾਲ ਅਮਰੀਕਾ ਦੇ ਸਬੰਧਾਂ ਬਾਰੇ ਇੱਕ ਸਵਾਲ ਦੇ ਜਵਾਬ 'ਚ ਰੂਬੀਓ ਨੇ ਕਿਹਾ ਕਿ ਭਾਰਤ ਸਪੱਸ਼ਟ ਕਾਰਨਾਂ ਕਰ ਕੇ ਚਿੰਤਤ ਹੈ। ਉਨ੍ਹਾਂ ਕਿਹਾ, "ਪਰ, ਮੈਨੂੰ ਲੱਗਦਾ ਹੈ ਕਿ ਉਨ੍ਹਾਂ (ਭਾਰਤ) ਨੂੰ ਇਹ ਸਮਝਣਾ ਪਵੇਗਾ ਕਿ ਸਾਡੇ ਕਈ ਵੱਖ-ਵੱਖ ਦੇਸ਼ਾਂ ਨਾਲ ਸਬੰਧ ਹਨ। ਸਾਨੂੰ ਪਾਕਿਸਤਾਨ ਨਾਲ ਆਪਣੇ ਰਣਨੀਤਕ ਸਬੰਧਾਂ ਨੂੰ ਵਧਾਉਣ ਦਾ ਮੌਕਾ ਦਿਖਾਈ ਦਿੰਦਾ ਹੈ।" ਰੂਬੀਓ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਜਦੋਂ ਕੂਟਨੀਤੀ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਦੀ ਗੱਲ ਆਉਂਦੀ ਹੈ ਤਾਂ ਭਾਰਤੀ ਬਹੁਤ ਪਰਿਪੱਕ ਹਨ। ਦੇਖੋ, ਉਨ੍ਹਾਂ ਦੇ ਕੁਝ ਦੇਸ਼ਾਂ ਨਾਲ ਸਬੰਧ ਹਨ ਜਿਨ੍ਹਾਂ ਨਾਲ ਸਾਡੇ ਸੰਬੰਧ ਨਹੀਂ। ਇਸ ਲਈ

ਇਹ ਇੱਕ ਪਰਿਪੱਕ, ਵਿਹਾਰਕ ਵਿਦੇਸ਼ ਨੀਤੀ ਦਾ ਹਿੱਸਾ ਹੈ।"

ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ, "ਮੈਨੂੰ ਨਹੀਂ ਲੱਗਦਾ ਕਿ ਅਸੀਂ ਪਾਕਿਸਤਾਨ ਨਾਲ ਜੋ ਵੀ ਕਰ ਰਹੇ ਹਾਂ ਉਹ ਭਾਰਤ ਨਾਲ ਸਾਡੇ ਸੰਬੰਧਾਂ ਜਾਂ ਦੋਸਤੀ ਦੀ ਕੀਮਤ 'ਤੇ ਹੈ। ਭਾਰਤ ਨਾਲ ਸਬੰਧ ਡੂੰਘੇ, ਇਤਿਹਾਸਕ ਅਤੇ ਮਹੱਤਵਪੂਰਣ ਹਨ।" ਅਮਰੀਕਾ-ਪਾਕਿਸਤਾਨ ਸਬੰਧਾਂ 'ਚ ਪਿਛਲੇ ਛੇ ਮਹੀਨਿਆਂ 'ਚ ਨੇੜਤਾ ਦੇਖਣ ਨੂੰ ਮਿਲੀ ਹੈ, ਖ਼ਾਸ ਕਰ ਕੇ ਮਈ 'ਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਫ਼ੌਜੀ ਝੜਪ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀ ਪਾਕਿਸਤਾਨੀ ਫ਼ੌਜ ਮੁਖੀ ਫ਼ੀਲਡ ਮਾਰਸ਼ਲ ਅਸੀਮ ਮੁਨੀਰ ਨਾਲ ਮੁਲਾਕਾਤ ਤੋਂ ਬਾਅਦ। ਭਾਰਤ ਨੇ ਟਰੰਪ ਦੇ ਬਾਰ-ਬਾਰ ਕੀਤੇ ਗਏ ਇਨ੍ਹਾਂ ਦਾਅਵਿਆਂ ਨੂੰ ਰੱਦ ਕਰ ਦਿੱਤਾ ਹੈ ਕਿ ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਜੰਗਬੰਦੀ ਦੀ ਵਿਚੋਲਗੀ ਕੀਤੀ ਸੀ, ਪਰ ਪਾਕਿਸਤਾਨ ਨੇ ਟਕਰਾਅ ਨੂੰ ਖ਼ਤਮ ਕਰਨ ਦਾ ਸਿਹਰਾ ਅਮਰੀਕੀ ਰਾਸ਼ਟਰਪਤੀ ਨੂੰ ਦਿੱਤਾ ਹੈ।

ਮੀਡੀਆ ਦੁਆਰਾ ਰੂਬੀਓ ਤੋਂ ਪੁੱਛਿਆ ਗਿਆ ਸੀ ਕਿ ਕੀ ਭਾਰਤ ਅਸਲ 'ਚ ਅਮਰੀਕਾ ਨਾਲ ਵਪਾਰ ਸਮਝੌਤੇ ਦੇ ਬਦਲੇ ਰੂਸੀ ਤੇਲ ਦੀ ਆਪਣੀ ਖ਼ਰੀਦ ਨੂੰ ਮੁਲਤਵੀ ਕਰਨ ਲਈ ਤਿਆਰ ਹੋਵੇਗਾ। ਜਵਾਬ 'ਚ ਉਸ ਨੇ ਕਿਹਾ ਕਿ ਭਾਰਤ ਪਹਿਲਾਂ ਹੀ ਆਪਣੀ ਤੇਲ ਖ਼ਰੀਦ ਨੂੰ ਵਿਭਿੰਨ ਬਣਾਉਣ 'ਚ ਦਿਲਚਸਪੀ ਪ੍ਰਗਟ ਕਰ ਚੁੱਕਾ ਹੈ।

ਰੂਬੀਓ ਨੇ ਅੱਗੇ ਕਿਹਾ, "ਪਰ ਮੈਂ ਜਾਣਦਾ ਹਾਂ ਕਿ ਉਨ੍ਹਾਂ (ਭਾਰਤ) ਨੇ ਇਹ ਸਭ ਸਾਹਮਣੇ ਆਉਣ ਤੋਂ ਪਹਿਲਾਂ ਹੀ ਆਪਣੀ ਤੇਲ ਖ਼ਰੀਦ ਨੂੰ ਵਿਭਿੰਨ ਬਣਾਉਣ ਦੀ ਇੱਛਾ ਪ੍ਰਗਟ ਕੀਤੀ ਹੈ। ਇਸ ਲਈ, ਸਪੱਸ਼ਟ ਤੌਰ 'ਤੇ, ਅਸੀਂ ਉਨ੍ਹਾਂ ਨੂੰ ਜਿੰਨਾ ਜ਼ਿਆਦਾ ਵੇਚਾਂਗੇ, ਉਹ ਓਨਾ ਹੀ ਘੱਟ ਕਿਸੇ ਹੋਰ ਤੋਂ ਖ਼ਰੀਦਣਗੇ। ਪਰ ਅਸੀਂ ਦੇਖਾਂਗੇ ਕਿ ਇਹ ਸਭ ਕਿਵੇਂ ਹੁੰਦਾ ਹੈ।"

ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
Security Cameras CCTV Live Monitoring 647-863-9232
ਇੰਡੀਅਨ ਵੀਜ਼ਾ OCI & Passport Renewal 514-389-7070

ਸ਼ਰਾਬ 'ਚ ਅਫ਼ੀਮ ਮਿਲਾ ਕੇ ਪੀਂਦੀ ਸੀ ਬ੍ਰਿਟੇਨ ਦੀ ਮਹਾਰਾਣੀ, ਚਲਾਉਂਦੀ ਸੀ ਦੁਨੀਆਂ ਦਾ ਸਭ ਤੋਂ ਵੱਡਾ ਡਰੱਗ ਰੈਕੇਟ

ਨਵੀਂ ਦਿੱਲੀ: ਜੇ ਤੁਸੀਂ 150 ਸਾਲ ਪਹਿਲਾਂ ਜਾਓਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਦੁਨੀਆਂ ਦੇ ਸਭ ਤੋਂ ਵੱਡੇ ਡਰੱਗ ਸਮਰਾਜਾਂ 'ਚੋਂ ਇੱਕ ਦੇ ਕੇਂਦਰ 'ਚ ਕੋਈ ਕਾਰਟੈਲ ਜਾਂ ਦੱਖਣੀ ਅਮਰੀਕਾ ਦਾ ਕੋਈ ਨੌਜਵਾਨ ਨਹੀਂ ਸੀ ਸਗੋਂ ਇੱਕ ਰਾਣੀ ਸੀ।ਲੇਖਕ ਸੈਮ ਕੈਲੀ ਅਨੁਸਾਰ ਮਹਾਰਾਣੀ ਵਿਕਟੋਰੀਆ ਇੰਨੇ ਵੱਡੇ ਨਸ਼ੇ ਦੇ ਸਮਰਾਜ ਦੀ ਮਾਲਕ ਸੀ ਕਿ ਐਸਕੋਬਾਰ ਅਤੇ ਐਲ ਚਾਪੋ ਹੇਠਲੇ ਦਰਜੇ ਦੇ ਗਲੀ-ਮੋਹੱਲੇ ਦੇ ਡੀਲਰ ਲੱਗਦੇ ਸਨ।

ਆਪਣੀ ਪੁਸਤਕ ਹਿਊਮਨ ਹਿਸਟਰੀ ਔਨ ਡਰੱਗਜ਼: ਐਨ ਅਟਰਲੀ ਸਕੈਂਡਲੱਸ ਬਟ ਐਂਟਾਇਰਲੀ ਟਰੂਥਫ਼ੁਲ ਲੁਕ ਐਟ ਹਿਸਟਰੀ ਅੰਡਰ ਦ ਇਨਫ਼ਲੂਐਂਸ 'ਚ ਕੈਲੀ ਕਹਿੰਦੇ ਹਨ ਕਿ 19ਵੀਂ ਸਦੀ ਦੀ ਬ੍ਰਿਟਿਸ਼ ਮਹਾਰਾਣੀ ਨੇ ਇਤਿਹਾਸ ਦੇ ਸਭ ਤੋਂ ਵੱਡੇ ਨਸ਼ੇ ਦੇ ਕਾਰੋਬਾਰਾਂ 'ਚੋਂ ਇੱਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਇਆ ਜਿਸ ਨੂੰ ਬ੍ਰਿਟਿਸ਼ ਸਮਰਾਜ ਦੀ ਪੂਰੀ ਤਾਕਤ ਦਾ ਸਮਰਥਨ ਪ੍ਰਾਪਤ ਸੀ। ਸਾਮਰਾਜ ਦੇ ਡਰੱਗ ਵਪਾਰ ਤੋਂ ਹੋਣ ਵਾਲੀ ਆਮਦਨ ਇੰਨੀ ਵੱਡੀ ਸੀ ਕਿ ਇਹ ਪੂਰੇ ਦੇਸ਼ ਨੂੰ ਫ਼ੰਡ ਕਰ ਰਹੀ ਸੀ।

ਮਾਹਰਾਣੀ ਵਿਕਟੋਰੀਆ ਨਸ਼ੇ ਦੀ ਸੀ ਬਹੁਤ ਵੱਡੀ ਸ਼ੌਕੀਨ: ਕੈਲੀ ਕਹਿੰਦੇ ਹਨ ਕਿ ਮਹਾਰਾਣੀ ਵਿਕਟੋਰੀਆ ਖ਼ੁਦ ਨਸ਼ੇ ਦੀ ਇੱਕ ਬਹੁਤ ਵੱਡੀ ਸ਼ੌਕੀਨ ਸੀ। ਮਹਾਰਾਣੀ ਨਿਯਮਿਤ ਤੌਰ 'ਤੇ ਕਈ ਕਿਸਮ ਦੀਆਂ ਦਵਾਈਆਂ ਲੈਂਦੀ ਸੀ ਜਿਨ੍ਹਾਂ 'ਚ ਉਸ ਦੀ ਪਸੰਦੀਦਾ ਅਫ਼ੀਮ ਵੀ ਸ਼ਾਮਿਲ ਸੀ ਜਿਸਨੂੰ ਉਹ ਅਫ਼ੀਮ ਅਤੇ ਸ਼ਰਾਬ ਦੇ ਮਿਸ਼ਰਨ, ਲੌਡੈਨਮ ਦੇ ਰੂਪ 'ਚ ਪੀਂਦੀ ਸਨ। ਕੈਲੀ ਲਿਖਦੇ ਹਨ, "ਮਹਾਰਾਣੀ ਵਿਕਟੋਰੀਆ ਹਰ ਰੋਜ਼ ਸਵੇਰੇ ਲੌਡੇਨਮ ਦਾ ਇੱਕ ਵੱਡਾ ਘੁੱਟ ਪੀਂਦੀ ਸੀ।"ਉਸ ਨੂੰ ਕੋਕੇਨ ਦਾ ਵੀ ਸ਼ੌਕ ਸੀ ਜੋ ਉਸ ਸਮੇਂ ਕਾਨੂੰਨੀ ਸੀ। ਇਸ ਨਾਲ ਉਨ੍ਹਾਂ ਨੂੰ ਬੇਹੱਦ ਆਤਮ-ਵਿਸ਼ਵਾਸ ਮਿਲਦਾ ਸੀ। ਉਸ ਦੇ ਡਾਕਟਰ ਮਾਸਿਕ ਧਰਮ ਦੀ ਤਕਲੀਫ਼ ਘਟਾਉਣ ਲਈ ਭੰਗ ਲੈਣ ਦੀ ਸਲਾਹ ਦਿੰਦੇ ਸਨ ਜਦ ਕਿ ਜਣੇਪੇ ਦੌਰਾਨ ਕਲੋਰੀਫ਼ਾਰਮ ਦਾ ਇਸਤੇਮਾਲ ਕੀਤਾ ਜਾਂਦਾ

ਸੀ।ਮਹਾਰਾਣੀ ਵਿਕਟੋਰੀਆ ਨੇ ਦੁਨੀਆਂ ਭਰ 'ਚ ਚਲਾਇਆ ਅਫ਼ੀਮ ਦਾ ਵਪਾਰ: ਪਰ ਵਿਕਟੋਰੀਆ ਦਾ ਨਸ਼ਾ ਸਿਰਫ਼ ਨ